International Journal of Applied Research 2014; 1(1): 71-73



International Journal of Applied Research

**ISSN Print:** 2394-7500
**ISSN Online:** 2394-5869
**Impact Factor:** 3.4
IJAR 2014; 1(1): 71-73
www.allresearchjournal.com
Received: 10-12-2014
Accepted: 25-12-2014

**Dr. Rachhpal Singh Uppal**
Guru Nanak Khalsa College,
Abohar, Punjab, India.

**Correspondence**
**Dr. Rachhpal Singh Uppal**
Guru Nanak Khalsa College,
Abohar, Punjab, India.

# ਪੰਜਾਬਣਾ ਦੇ ਲੋਕ-ਨਾਚ 'ਗਿੱਧੇ' ਦਾ ਬਦਲ ਰਿਹਾ ਸਰੂਪ

**Dr. Rachhpal Singh Uppal**

ਲੋਕ-ਨਾਚ ਦੋ ਸ਼ਬਦਾਂ ਦਾ ਜੋੜ ਹੈ, ਲੋਕ ਅਤੇ ਨਾਚ ਭਾਵ ਲੋਕਾਂ ਦੁਆਰਾ ਨੱਚੇ ਜਾਣ ਵਾਲੇ ਨਾਚ। ਇਥੇ ਲੋਕ ਸ਼ਬਦ 'ਸਮੂਹ' ਦੀ ਪ੍ਰਤੀਨਿਧਤਾ ਕਰਦਾ ਹੈ। ਨਾਚ ਤੋਂ ਭਾਵ ਨੱਚਣਾ ਜਿਸਦਾ ਅਰਥ ਹੈ ਲੈਅ-ਤਾਲ ਨਾਲ ਸ਼ਰੀਰਕ ਅੰਗਾ ਦੀ ਹਰਕਤ ਕਰਨੀ। ਸੋ ਲੋਕ-ਨਾਚ ਤੋਂ ਭਾਵ ਉਹ ਨਾਚ ਜੋ ਕਿਸੇ ਜਨ-ਜਾਤੀ ਦੁਆਰਾ ਨੱਚੇ ਜਾਂਦੇ ਹਨ।

"ਲੋਕ-ਨਾਚ ਸਮੂਹਿਕ ਚਰਿਤਰ ਦਾ ਧਾਰਨੀ ਹੁੰਦਾ ਹੈ ਜਿਸ ਵਿਚ ਮਾਨਸਿਕ ਪੱਧਰ ਤੇ ਸਾਰੀ ਜਾਤੀ ਦੀ ਸ਼ਿਰਕਤ ਹੁੰਦੀ ਹੈ। ਲੋਕ-ਨਾਚ ਸਮੇਂ, ਸਥਾਨ ਅਤੇ ਕਰੜੇ ਨਿਯਮਾਂ ਦੇ ਮੁਥਾਜ ਨਹੀਂ ਹੁੰਦੇ। ਲੋਕ ਨਾਚ ਸਬੰਧੀ ਡਾ ਜਗੀਰ ਸਿੰਘ ਨੂਰ ਲਿਖਦੇ ਹਨ " ਇਨ੍ਹਾਂ ਵਿਚ ਕਿਸੇ ਲੋਕ ਸਮੂਹ ਜਾਂ ਜਾਤੀ-ਵਿਸ਼ੇਸ਼ ਦੇ ਲੋਕ ਮਨ ਦੇ ਜ਼ਜਬਿਆਂ, ਵਿਸ਼ਵਾਸਾਂ, ਰਹੁ-ਰੀਤਾਂ, ਸਮਾਜਿਕ-ਸਭਿਆਚਾਰਕ ਮੁੱਲ ਵਿਧਾਨ ਅਤੇ ਇਸ ਦੀ ਵਿਵਹਾਰਿਕ ਕਦਰ-ਪ੍ਰਣਾਲੀ ਦੀ ਤਰਜ਼ਮਾਨੀ ਹੁੰਦੀ ਹੈ।"[1]

ਨਾਚ ਦਾ ਮਨੁੱਖੀ ਜੀਵਨ ਨਾਲ ਅਨਿੱਖੜ ਸਬੰਧ ਹੈ। ਇਸਦੀ ਪਰੰਪਰਾ ਉਤਨੀ ਹੀ ਪੁਰਾਣੀ ਹੈ ਜਿੰਨਾ ਕਿ ਮਨੁੱਖੀ ਜੀਵਨ ਦਾ ਇਤਿਹਾਸ ਹੈ ਕਿਉਂਕਿ ਪੁਰਾਤਨ ਸਮੇਂ ਵਿਚ ਮਨੁੱਖ ਕੋਲ ਆਪਣੇ ਭਾਵਾਂ ਅਤੇ ਜ਼ਜਬਿਆਂ ਦੇ ਪ੍ਰਗਟਾਅ ਲਈ ਸੰਚਾਰ ਸਾਧਨ ਨਾ ਹੋਣ ਕਰਕੇ ਸਿਰਫ ਤੇ ਸਿਰਫ਼ ਸਰੀਰਕ ਮੁਦਰਾਵਾਂ ਦਾ ਹੀ ਪ੍ਰਯੋਗ ਕਰਦਾ ਸੀ ਜਿਸ ਲਈ ਨਾਚ ਮਨੁੱਖ ਦੀ ਮੁੱਢਲੀ ਪ੍ਰਦਰਸ਼ਨੀ ਕਲਾ ਹੀ ਹੋ ਨਿਬੜਦੇ ਸਨ। ਕਿਸੇ ਵੀ ਜਾਤੀ ਦੇ ਲੋਕ ਨਾਚਾਂ ਦੇ ਉਗਮਣ ਤੇ ਵਿਕਸਣ ਲਈ ਉਸ ਜਾਤੀ ਦੀਆਂ ਭੂ-ਖੰਡੀ ਸਮਾਜਿਕ, ਸਭਿਆਚਾਰਕ, ਰਾਜਨੀਤਿਕ ਅਤੇ ਇਤਿਹਾਸਕ ਪਰਸਥਿਤੀਆਂ ਦਾ ਵਡੇਰਾ ਯੋਗਦਾਨ ਪਾਇਆ ਜਾਂਦਾ ਹੈ।

ਪੰਜਾਬ ਦੇ ਲੋਕ-ਨਾਚਾਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਵਿਚੋਂ ਪੰਜਾਬੀ ਸੱਭਿਆਚਾਰ ਦੇ ਇਤਿਹਾਸ ਦੇ ਦਰਸ਼ਨ ਸਹਿਜਤਾ ਨਾਲ ਕੀਤੇ ਜਾ ਸਕਦੇ ਹਨ। ਵੈਸੇ ਵੀ ਪੰਜਾਬ ਦੀ ਭੁਗੋਲਿਕ ਸਥਿਤੀ ਅਤੇ ਪ੍ਰਾਕਿਰਤਕ ਅਵਸਥਾ ਦੇ ਮੁਤਾਬਿਕ ਨੱਚਣਾ-ਟੱਪਣਾ, ਹੱਸਣਾ-ਖੇਡਣਾ ਤੇ ਰਾਂਗਲਾ ਜੀਵਨ ਬਤੀਤ ਕਰਨਾ ਪੰਜਾਬੀਆਂ ਦੇ ਹੀ ਹਿੱਸੇ ਆਇਆ ਹੈ ਜੋ ਇਸ ਦੇ ਸੁਭਾਅ ਦਾ ਵਿਸ਼ੇਸ਼ ਲੱਛਣ ਹੀ ਹੋ ਨਿਬੜਦਾ ਹੈ। ਪੰਜਾਬੀਆਂ ਦੇ ਵਧੇਰੇ ਨਾਚ ਪਰੰਪਰਾਗਤ ਲੋਕ ਨਾਚ ਹੀ ਹਨ ਜੋ ਵੱਖ-ਵੱਖ ਖੁਸ਼ੀ ਦੇ ਮੌਕਿਆਂ ਤਿੱਥਾਂ-ਤਿਉਹਾਰਾਂ ਦੇ ਅਵਸਰ ਉਪਰ ਖੁਸ਼ੀ ਨਾਲ ਨੱਚੇ ਜਾਂਦੇ ਹਨ। ਪੰਜਾਬ ਦੇ ਲੋਕ ਨਾਚਾਂ ਨੂੰ ਮੋਟੇ ਤੌਰ ਤੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ, (ੳ) ਇਸਤਰੀਆਂ ਦੇ ਨਾਚ (ਅ) ਮਰਦਾਵੇਂ ਨਾਚ। ਇਸਤਰੀਆਂ ਦੇ ਲੋਕ ਨਾਚਾਂ ਵਿਚ ਗਿੱਧਾ, ਲੁੱਡੀ, ਸੰਮੀ, ਧਮਾਲ, ਸਪੇਰਾ ਅਤੇ ਕਿੱਕਲੀ ਆਦਿ ਗਿਣੇ ਜਾ ਸਕਦੇ ਹਨ ਜਦੋਂ ਕਿ ਮਰਦਾਂਵੇਂ ਲੋਕ ਨਾਚਾਂ ਵਿਚ ਭੰਗੜਾ, ਝੁੰਮਰ, ਲੁੱਡੀ, ਮਲਵਈ ਗਿੱਧਾ, ਧਮਾਲ, ਫੁੰਮਣੀਆਂ ਅਦਿ ਨੂੰ ਹੀ ਗਿਣਿਆ ਜਾਂਦਾ ਹੈ।

ਸਮੂਹ ਇਸਤਰੀ ਲੋਕ ਨਾਚਾਂ ਵਿੱਚੋਂ ਗਿੱਧਾ ਪੰਜਾਬਣਾਂ ਦਾ ਹਰਮਨ ਪਿਆਰਾ ਲੋਕ-ਨਾਚ ਹੈ ਜੋ ਪੰਜਾਬਣਾ ਦੀ ਜ਼ਿੰਦਜਾਨ ਹੈ। ਇਹ ਲੋਕ-ਨਾਚ ਪੂਰਬੀ ਅਤੇ ਪੱਛਮੀ ਦੋਹਾਂ ਖਿੱਤਿਆਂ ਵਾਲੇ ਪੰਜਾਬ ਵਿਚ ਪ੍ਰਚੀਨ ਕਾਲ ਤੋਂ ਹੀ ਹਰ ਖੁਸ਼ੀ ਦੇ ਅਵਸਰ ਉਤੇ ਪੰਜਾਬਣ ਮੁਟਿਆਰਾਂ ਵੱਲੋਂ ਡੂੰਘੇ ਚਾਅ ਹੁਲਾਸ ਨਾਲ ਨੱਚਿਆ ਅਤੇ ਗਾਇਆ ਜਾਂਦਾ ਰਿਹਾ ਹੈ। ਇਕਬਾਲ ਸਿੰਘ ਢਿੱਲੋ ਅਨੁਸਾਰ :

"ਗਿੱਧਾ ਪੰਜਾਬਣਾਂ ਦਾ ਹਰਮਨ ਪਿਆਰਾ ਨਾਚ ਹੈ ਅਤੇ ਇਹ ਵਿਆਹ, ਬੱਚੇ ਦੇ ਜਨਮ, ਤੀਜ਼ ਮੇਲੇ ਅਤੇ ਹੋਰ ਖੁਸ਼ੀ ਦੇ ਮੌਕਿਆਂ ਤੇ ਨੱਚਿਆ ਜਾਂਦਾ ਹੈ।"[2]

ਜੁਗਿੰਦਰ ਸਿੰਘ ਦਾ ਵਿਚਾਰ ਹੈ ਕਿ, "ਗਿੱਧਾ ਹੈ ਤਾਂ ਸਮੁੱਚੇ ਪੰਜਾਬ ਦਾ ਨਾਚ, ਪਰ ਮਾਲਵੇ ਦੇ ਇਲਾਕੇ ਦਾ ਇਹ ਪ੍ਰਧਾਨ ਨਾਚ ਹੈ, ਗਿੱਧੇ ਦੇ ਨੱਚਣ ਨੂੰ 'ਗਿੱਧਾ ਪਾਉਣਾ' ਆਖਦੇ ਹਨ। ਗਿੱਧਾ ਭਾਵੇਂ ਹਰ ਸਮੇਂ ਪਾਇਆ ਜਾ ਸਕਦਾ ਹੈ ਪਰ ਹਰ ਖੁਸ਼ੀ ਦੇ ਮੌਕੇ ਤੇ ਇਸਦਾ ਪੈਣਾ ਜ਼ਰੂਰੀ ਹੈ।"[3]

ਪੰਜਾਬੀਆਂ ਦੀ ਇਹ ਲੋਕ ਕਲਾ ਪਰੰਪਰਾ ਜੋ ਉਨ੍ਹਾਂ ਦੇ ਮਿਥਿਹਾਸ, ਇਤਿਹਾਸ, ਸਮਾਜ ਅਤੇ ਸੱਭਿਆਚਾਰ ਨਾਲ ਜੁੜੀ ਹੋਈ ਸੀ, ਵਿਚ ਅਜੋਕੇ ਸਮੇ ਦੌਰਾਨ ਢੇਰ ਸਾਰੀਆਂ ਤਬਦੀਲੀਆਂ ਵਾਪਰੀਆਂ ਹਨ। ਪਹਿਲਾਂ ਜੋ ਕਲਾ ਸਰੀਰਕ ਮੁਦਰਾਵਾਂ ਦਾ ਨਾਚ ਸੀ ਜੋ ਅੱਜ ਸਿਰਫ਼ ਤੇ ਸਿਰਫ਼ ਦਿਖਾਵੇ ਦਾ ਨਾਚ ਬਣਕੇ ਰਹਿ ਗਿਆ ਹੈ। ਅੱਜ ਗਿੱਧੇ ਦਾ ਖੇਤਰ ਤਬਦੀਲ ਹੋ ਕੇ ਵਿਆਹ ਸ਼ਾਦੀਆਂ, ਤੀਆਂ ਆਦਿ ਸਥਾਨ ਤੇ ਨਾਂ ਪੈਕੇ ਯੁਵਕ ਮੇਲਿਆਂ ਤੱਕ ਹੀ ਸੁੰਗੜ ਕੇ ਰਹਿ ਗਿਆ ਹੈ। ਪਹਿਲਾਂ ਮੁਟਿਆਰਾਂ ਇਹ ਨਾਚ ਆਪਣੀ ਮਰਜ਼ੀ ਅਨੁਸਾਰ ਜਿਥੇ ਜੀਅ ਆਵੇ ਕਿਸੇ ਨਾ ਕਿਸੇ ਮੌਕੇ ਦੀ ਆੜ ਲੈਕੇ ਨੱਚਦੀਆਂ ਸਨ। ਹੁਣ ਜਦੋਂ ਕਿ ਉਨ੍ਹਾਂ ਨੂੰ ਕਿਸੇ ਪਰੋਗਰਾਮ ਜਾਂ ਵਿਸ਼ੇਸ਼ ਥਾਂ ਤੇ ਨੱਚਣ ਲਈ ਬਲਾਵਾ ਦਿੱਤਾ ਜਾਂਦਾ ਹੈ।

ਪੰਜਾਬੀ ਸੱਭਿਆਚਾਰ ਵਿਚ ਵਿਆਹ ਤੋਂ ਕੁਝ ਦਿਨ ਪਹਿਲਾਂ ਸ਼ਰੀਕੇ ਭਾਈਚਾਰੇ ਦੀਆਂ ਇਸਤਰੀਆਂ ਅਤੇ ਮੁਟਿਆਰਾਂ ਜਾਗੋ ਕੱਢਦੀਆਂ ਸਨ। ਜਿਨ੍ਹਾਂ ਨੇ ਸਿਰ ਉੱਤੇ ਪਿੱਤਲ ਦੀ ਗਾਗਰ, ਜਿਸਦੇ ਗਲੇ ਤੇ ਗੁੱਝੇ ਹੋਏ ਆਟੇ ਨਾਲ ਥਾਲੀ ਜੋੜ ਕੇ ਥਾਲੀ ਵਿਚ ਘਿਓ ਦੇ ਦੀਵੇ ਜਗਾਏ ਹੁੰਦੇ ਸਨ। ਇਹ ਮੁਟਿਆਰਾਂ ਗੀਤ ਗਾਉਂਦੀਆਂ ਜਿਹੜੇ ਰਾਹੋਂ ਲੰਘਦੀਆਂ ਸਨ ਤੇ ਰਾਹੀ ਮੁਲਾਕਾਤੀ ਨਾਲ ਹਾਸਾ ਮਖ਼ੌਲ ਵੀ ਕਰਦੀਆਂ ਸਨ। ਸੋ ਇਹ ਜਾਗੋ ਅਸਲ ਵਿਚ ਆਂਢ-ਗੁਆਂਢ ਨੂੰ ਇਕ ਪ੍ਰਕਾਰ ਦਾ ਵਿਆਹ ਵਾਲੇ ਘਰ ਦਾ ਸੱਦਾ ਵੀ ਸੀ। ਇਸ ਦ੍ਰਿਸ਼ ਨੂੰ ਅੱਜ ਸਟੇਜ ਉਤੇ ਗਿੱਧੇ ਦੇ ਆਰੰਭ ਸਮੇਂ ਪਰਦਾ ਉੱਠਣ ਉਤੇ ਇਕ ਪਾਸੇ ਤੋਂ ਪ੍ਰਵੇਸ਼ ਲੈਕੇ ਪ੍ਰਸਤੁਤ ਕੀਤਾ ਜਾਂਦਾ ਹੈ। ਜਾਗੋ ਵੇਲੇ ਗਾਏ ਜਾਂਦੇ ਗੀਤ ਦੇ ਅੰਤਲੇ ਬੋਲਾਂ ਤੇ ਗਾਗਰ ਨੂੰ ਪਾਸੇ ਰੱਖ ਕੇ ਗਿੱਧਾ ਸ਼ੁਰੂ ਕੀਤਾ ਜਾਂਦਾ ਹੈ।

ਵਿਆਹ ਦੀ ਇਕ ਹੋਰ ਰਸਮ ਪਾਣੀ ਵਾਰਨਾ ਸੀ ਜੋ ਮਾਂ ਆਪਣੀ ਔਲਾਦ ਦੀ ਵਡੇਰੀ ਉਮਰ ਅਤੇ ਸੁਖ ਅਨੰਦ ਦੀ ਕਾਮਨਾ ਤਹਿਤ ਨਿਭਾਉਂਦੀ ਹੈ ਦੀ ਪੇਸ਼ਕਾਰੀ ਵੀ ਮੌਕਾ ਸਿਰਜਣ ਦੀ ਜੁਗਤ ਵਜੋਂ ਸਟੇਜੀ ਗਿੱਧੇ ਉਪਰ ਪੇਸ਼ ਕੀਤੀ ਜਾਣ ਲੱਗ ਪਈ ਹੈ ਜਿਸ ਲਈ ਇਕ ਮੁਟਿਆਰ ਸਿਰਤੇ ਚੁੰਨੀ ਬੰਨ੍ਹਕੇ ਮਰਦਾਨਾ ਰੋਲ ਅਦਾ ਕਰਦੀ ਹੈ ਤੇ ਦੂਜੀ ਇਕ ਹੋਰ ਪਤਨੀ ਦਾ ਕਿਰਦਾਰ ਨਿਭਾਉਂਦੀ ਹੈ। ਇਸ ਝਾਕੀ ਦੇ ਨਾਲ-ਨਾਲ ਬੋਲੀਆਂ ਵੀ ਪਾਇਆਂ ਜਾਂਦੀਆਂ ਹਨ, ਜੋ ਹੇਠ ਲਿਖੇ ਅਨੁਸਾਰ ਹਨ :-

ਪਾਣੀ ਵਾਰ ਬੰਨੇ ਦੀਏ ਮਾਏ
ਬੰਨਾ ਤੇਰਾ ਬਾਹਰ ਖੜਾ
ਸੁੱਖਾਂ ਸੁੱਖਦੀ ਨੂੰ ਇਹ ਦਿਨ ਆਏ
ਬੰਨਾ ਤੇਰਾ ਬਾਹਰ ਖੜਾ

ਤ੍ਰਿੰਞਣਾਂ ਦੇ ਸਮੇਂ ਮੁਟਿਆਰਾਂ ਤੇ ਬਜ਼ੁਰਗ ਔਰਤਾਂ ਇਕੱਠੀਆਂ ਹੋ ਕੇ ਜਿਥੇ ਚਰਖੇ ਚਲਾਉਂਦੀਆਂ ਸਨ। ਉਥੇ ਆਪਣੇ ਮਨ ਦੇ ਹਾਵ-ਭਾਵ ਇੱਕ ਦੂਜੇ ਨਾਲ ਸਾਂਝੇ ਕਰਦੀਆਂ ਹਨ। ਇਨ੍ਹਾਂ ਤ੍ਰਿੰਞਣਾ ਦਾ ਉਹ ਸਮਾਂ ਜਦੋਂ ਗਿੱਧੇ ਦੇ ਰੂਪ ਵਿਚ ਖੁਲ੍ਹੇ ਅਖਾੜੇ ਲੱਗਦੇ ਸਨ ਸਕੁੰਚਿਤ/ਸੁੰਗੜ ਕੇ ਸਟੇਜ ਤੱਕ ਮਹਿਦੂਦ ਹੋਕੇ ਰਹਿ ਗਿਆ ਹੈ। ਇਸ ਪਰੰਪਰਾ ਨੂੰ ਵੀ ਰਵਾਇਤੀ ਰੂਪ ਦੀ ਥਾਂ ਤੇ ਮੁਟਿਆਰਾਂ ਆਧੁਨਿਕ ਨੁਕਤਾ ਨਿਗਾਹ ਤੋਂ ਝਲਕੀਆਂ/ਝਾਕੀਆਂ ਦੇ ਰੂਪ 'ਚ ਗਿੱਧੇ ਚ ਪੇਸ਼ ਕਰਦੀਆਂ ਹਨ :-

ਵੇ ਹਾਣੀਆ,
ਚਰਖਾ ਮੈਂ ਆਪਣਾ ਕੱਤਾਂ,
ਤੰਦ ਤੇਰਿਆਂ ਦੁੱਖਾਂ ਦੀ ਪਾਵਾਂ

ਪਰੰਪਰਾਗਤ ਜਾਂ ਪੁਰਾਤਨ ਗਿੱਧਾ ਦੁਹੱਥੜੀ ਤਾਲੀ ਦੀ ਆਵਾਜ਼ ਨਾਲ, ਧਰਤੀ ਦੀ ਹਿੱਕ ਚਿੱਬੀ ਕਰਨ ਦੀ ਸ਼ਕਤੀ ਰੱਖਣ ਵਾਲੀ ਅੱਡੀ ਦੀ ਧਮਕ ਅਤੇ ਮੂੰਹ ਵਿਚੋਂ ਨਿਕਲਣ ਵਾਲੀਆਂ ਫੂ-ਫੂ ਆਦਿ ਸੰਗੀਤਕ ਅਵਾਜਾਂ ਦੇ ਆਸਰੇ ਹੀ ਪਾਇਆ ਜਾਂਦਾ ਸੀ। ਬਹੁਤਿਆਂ ਸਮਿਆਂ ਵਿਚ ਤਾ ਢੋਲਕੀ ਦੀ ਵੀ ਲੋੜ ਮਹਿਸੂਸ ਨਹੀਂ ਕੀਤੀ ਜਾਂਦੀ ਸੀ ਹੁਣ ਜਦੋਂ ਕਿ ਗਿੱਧੇ ਦੀ ਪੇਸ਼ਕਾਰੀ ਸਮੇਂ ਬਹੁਤਾਤ ਰੂਪ ਵਿਚ ਸੰਗੀਤਕ ਸਾਜ਼ਾਂ ਦੀ ਜਿਵੇਂ ਢੋਲਕੀ, ਛੈਣੇ, ਬੰਸਰੀ, ਤਬਲਾ, ਹਾਰਮੋਨੀਅਮ ਆਦਿ ਦੀ ਵਰਤੋ ਕੀਤੀ ਜਾਣ ਲੱਗ ਪਈ ਹੈ। ਸੋ ਗਿੱਧਾ ਅਸਲ ਵਿਚ 'ਤਾਲੀ ਨਾਚ' ਹੈ। ਜਿਸ ਸਬੰਧੀ ਡਾ. ਦਸਰਥ ਓਝਾ ਲਿਖਦੇ ਹਨ :-

" 'ਤਾਲ ਰਸਕ' ਗੋਲ ਘੇਰੇ ਵਿਚ ਤਾਲੀਆਂ ਦੇ ਤਾਲ ਵਿਚ ਸੰਗੀਤ ਦੇ ਨਾਲ ਪੈਰਾਂ ਦੀ ਠੁਮਕ ਦੇ ਕੇ ਪ੍ਰਸਤੁਤ ਕੀਤਾ ਜਾਂਦਾ ਹੈ।"[4]

ਲੋਕ ਨਾਚ ਗਿੱਧਾ ਜੋ ਕਿ ਜਿਥੇ ਜੀਅ ਆਵੇ, ਜਦੋਂ ਜੀਅ ਆਵੇ, ਜਿੰਨੀਆਂ ਮੁਟਿਆਰਾਂ ਹੋਣ ਦੀ ਧਾਰਨਾ ਦਾ ਅਨੁਸਾਰੀ ਹੋਣ ਦੇ ਨਾਲ ਨਾਲ ਕਿਸੇ ਵਿਸ਼ੇਸ਼ ਪ੍ਰਕਾਰ ਦੇ ਦਰਸ਼ਕਾਂ ਵਾਸਤੇ ਨਾ ਹੋ ਕੇ ਜਨ ਸਮੂਹ ਦੁਆਰਾ ਜਨ ਸਮੂਹ ਵਾਸਤੇ ਨੱਚਿਆ ਜਾਣ ਵਾਲਾ ਨਾਚ ਹੈ। ਗਿੱਧਾ ਮੁਟਿਆਰਾਂ ਦੀ ਗਿਣਤੀ-ਮਿਣਤੀ ਅਤੇ ਨਿਸ਼ਚਿਤ ਸਥਾਨ ਦੀਆਂ ਪਾਬੰਦੀਆਂ ਤੋਂ ਰਹਿਤ ਨੱਚਿਆ ਜਾਣ ਵਾਲਾ ਨਾਚ ਹੈ ਪ੍ਰੰਤੂ ਅਜੋਕੇ ਸਮੇਂ ਗਿੱਧਾ ਖੁੱਲ੍ਹਿਆਂ ਪਿੜਾਂ ਚੋਂ ਨਿਕਲਕੇ ਸਟੇਜੀ ਬੰਦਸ਼ਾਂ 'ਚ ਕੈਦ, ਵਿਸ਼ੇਸ਼ ਪ੍ਰਕਾਰ ਦੇ ਦਰਸ਼ਕਾਂ ਦਾ ਗੁਲਾਮ, ਮੁਟਿਆਰਾਂ ਦੀ ਗਿਣਤੀ ਦਾ ਮੁਥਾਜ ਹੋ ਕੇ ਰਹਿ ਗਿਆ ਹੈ। ਉਪਰੋਕਤ ਵਿਚਾਰਾਂ ਦੇ ਸਬੰਧ ਵਿਚ ਡਾ. ਜਗੀਰ ਸਿੰਘ ਨੂਰ ਲਿਖਦੇ ਹਨ:-

"ਮੁਕਾਬਲਿਆਂ ਦੀ ਭਾਵਨਾ ਸਦਕਾ ਨਚਾਰਾਂ ਦੀ ਗਿਣਤੀ ਦੀ ਸੀਮਾ ਬੱਝ ਚੁੱਕੀ ਹੈ। ਸਮੂਹ ਦੀ ਥਾਂ ਕੇਵਲ ਪੰਜ-ਸੱਤ ਜਾਂ ਅੱਠ-ਦੱਸ ਮੁਟਿਆਰਾਂ ਹੀ ਗਿੱਧਾ ਪ੍ਰਸਤੁਤ ਕਰਦੀਆਂ ਹਨ। ਇਸ ਪ੍ਰਕਾਰ ਦੇ ਬਦਲਾਵ ਦੇ ਕਾਰਣ ਦਾ ਧਰਾਤਲ ਇਹ ਬਣਦਾ ਹੈ ਕਿ ਗਿੱਧਾ ਖਾਸ ਥਾਂ ਤੇ ਖਾਸ ਲੋਕਾਂ ਵਾਸਤੇ ਉਨ੍ਹਾਂ ਦੀਆਂ ਪਸੰਦ ਨੂੰ ਮੁੱਖ ਰੱਖਕੇ ਹੀ ਪੇਸ਼ ਕੀਤਾ ਜਾਂਦਾ ਹੈ।"[5]

ਸਜਣ-ਫੱਬਣ ਦੀ ਰੁਚੀ ਤਾਂ ਮੁਟਿਆਰਾਂ ਵਿਚ ਆਦਿ ਕਾਲੀਨ ਸਮਿਆਂ ਤੋਂ ਹੀ ਰਹੀ ਹੈ ਜਿਸ ਲਈ ਉਹ ਵਿਸ਼ੇਸ਼ ਪ੍ਰਕਾਰ ਦੇ ਪਹਿਰਾਵੇ, ਗਹਿਣੇ-ਗੱਟੇ ਜਾਂ ਹਾਰ-ਸ਼ਿੰਗਾਰ ਨੂੰ ਧਾਰਨ ਕਰਦੀ ਆਈ ਹੈ। ਇਸ ਲਈ ਗਿੱਧੇ ਵਿਚ ਇਸਦੀ ਬੰਦਿਸ਼ ਜਾਂ ਬੰਧੇਜ ਨਹੀਂ ਹੈ ਪਰ ਵਧੇਰੇ ਕਰਕੇ ਸ਼ੋਖ ਰੰਗਾਂ ਦੀ ਮੋਟੇ ਕਿਨਾਰਿਆਂ ਵਾਲੀ ਪੁਸ਼ਾਕ ਤੇ ਰਵਾਇਤੀ ਗਹਿਣਿਆਂ ਦੇ ਸ਼ਿੰਗਾਰ ਨੂੰ ਹੀ ਪਸੰਦ ਕੀਤਾ ਜਾਂਦਾ ਹੈ। ਪਹਿਰਾਵੇ ਵਿਚ ਘੱਗਰੇ ਦੀ ਆਮ ਵਰਤੋਂ ਹੋਣ ਸਦਕਾ ਅਤੇ ਗੋਲ ਘੇਰੇ ਵਿਚ ਗਿੱਧਾ ਪੈਣ ਸਦਕਾ ਗਿੱਧੇ ਦਾ ਪਿੜ ਨੂੰ ਘੱਗਰੀ ਪਿੜ ਵੀ ਆਖਿਆ ਜਾਂਦਾ ਸੀ। ਪ੍ਰੰਤੂ ਅਜੋਕੇ ਸਮੇਂ ਦੇ ਪਹਿਰਾਵੇ, ਹਾਰ ਸ਼ਿੰਗਾਰ ਅਤੇ ਗਹਿਣੀਆਂ ਵਿਚ ਵੀ ਪਰਿਵਰਤਨ ਆ ਚੁੱਕਾ ਹੈ ਜਿਸ ਸਬੰਧੀ ਡਾ ਨੂਰ ਲਿਖਦੇ ਹਨ :-

"ਵਰਤਮਾਨ ਸਮੇਂ ਵਿਚ ਪੰਜਾਬਣਾ ਦੇ ਲੋਕ ਨਾਚ ਪੇਸ਼ ਕਰਨ ਸਮੇਂ ਪਹਿਰਾਵਾ ਅਤੇ ਹਾਰ ਸ਼ਿੰਗਾਰ ਦੇ ਪੱਖੋਂ ਵੀ ਨਾ ਤਾਂ ਸਰਲਤਾ ਰਹੀ ਹੈ ਅਤੇ ਨਾ ਹੀ ਰੋਚਿਕਤਾ। ਪਤਲੀਆਂ ਪਤਲੀਆਂ ਨਚਾਰਾਂ ਨੇ ਵੱਡੇ-ਵੱਡੇ ਮਹਾਂਜਾਲ ਦੇ ਦੁਪੱਟੇ ਲੈ ਕੇ ਆਪਣੇ ਆਪ ਨੂੰ ਸ਼ੋ-ਪੀਸ ਬਣਾ ਲਿਆ ਹੁੰਦਾ ਹੈ।"[6]

ਆਧੁਨਿਕ ਯੁਗ ਦੀਆਂ ਕਾਢਾਂ ਅਤੇ ਪੱਛਮੀ ਪ੍ਰਭਾਵਾਂ ਨੇ ਜੇਕਰ ਗਿੱਧੇ ਨੂੰ ਪ੍ਰਭਾਵਿਤ ਕੀਤਾ ਹੈ ਤਾਂ ਮੁਟਿਆਰਾਂ ਦੇ ਹਾਰ ਸ਼ਿੰਗਾਰ, ਪਹਿਰਾਵੇ, ਗਹਿਣੇ ਗੱਟੇ ਭਾਵੇਂ ਕਿ ਗਿੱਧੇ ਦੌਰਾਨ ਬੁਗਤੀਆਂ, ਕਾਂਟਿਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ, ਨੂੰ ਵੀ ਆਪਣੇ ਕਲਾਵੇ ਵਿਚ ਲੈ ਗਿਆ ਹੈ। ਗਿੱਧੇ ਵਿਚ ਪਾਈਆਂ ਜਾਣ ਵਾਲੀਆਂ ਬੋਲੀਆਂ ਵੀ ਆਪਣੇ ਰਵਾਇਤੀ ਰੂਪ ਨੂੰ ਬਦਲ ਕੇ ਆਧੁਨਿਕ ਰੰਗਤ ਵਾਲੀਆਂ ਹੋ ਗਈਆਂ ਹਨ। ਬੋਲੀਆਂ ਵਿਚ ਲਿਪਸਟਿਕ, ਕਰੀਮਾਂ, ਪਾਉਡਰਾਂ ਦੇ ਨਾਮ ਦੀ ਵਰਤੋਂ ਦੇ ਇਲਾਵਾ ਜਿਥੇ ਪਹਿਲਾਂ ਹਾਰ ਸ਼ਿੰਗਾਰ ਦੇ ਲਈ ਨੈਣ ਨੂੰ ਬਲਾਵਾ ਦਿੱਤਾ ਜਾਂਦਾ ਸੀ, ਉਥੇ ਹੁਣ ਨਾ ਤਾਂ ਨੈਣ ਦੀ ਕੋਈ ਲੋੜ ਹੈ, ਤੇ ਨਾ ਹੀ ਉਸ ਬੋਲੀ ਦੀ ਕੋਈ ਸਾਰਥਿਤਾ ਰਹਿ ਗਈ ਲਗਦੀ ਹੈ:-

ਹੁਣ ਖੁਲ੍ਹੱ ਗਏ ਬਿਊਟੀ ਪਾਰਲਰ
ਨੈਣੇ ਤੇਰੀ ਲੋੜ ਨਾ ਰਹੀ

ਅਸਲ ਵਿਚ ਸੰਚਾਰ ਸਾਧਨਾ ਦੀ ਭਰਮਾਰ ਅਤੇ ਵਿਦਿਆ ਦੇ ਪਸਾਰ ਕਾਰਨ ਲੋਕ ਬੋਲੀਆਂ ਨੇ ਵੀ ਸ਼ਬਦਾਵਲੀ ਪੱਖੋਂ ਅਤੇ ਸਮੁੱਚੀ ਪ੍ਰਕਿਰਤੀ ਦੇ ਪੱਖੋਂ ਕਈ ਬਦਲਾਵ ਗ੍ਰਹਿਣ ਕਰ ਲਏ ਹਨ। ਹੁਣ ਬੋਲੀਆਂ ਵਿਚ ਲੱਡੂ ਤਾਂ ਅਜੇ ਵੀ ਆਪਣੀ ਹੋਂਦ ਬਚਾਈ ਬੈਠੇ ਹਨ ਪਰ ਖਾਣ ਵਾਲਿਆਂ ਦੀ ਗਿਟ-ਮਿਟ ਹੁਣ ਹੈਲੋ-ਹਾਇ ਜਾਂ ਈਲੂ-ਈਲੂ ਵਿਚ ਪਰਵਰਤਿਤ ਹੋ ਗਈ ਹੈ:-

ਕੋਈ ਇਕ ਲੱਡੂਆਂ ਕੋਈ ਦੋ ਲੱਡੂਆਂ
ਮੇਰੀ ਝੋਲੀ ਲੱਡੂਆਂ ਦੀ ਭਰ ਗਿਆ ਨੀ
ਮੈਂ ਨਾ ਗਰੇਜ਼ੀ ਜਾਣਦੀ
ਮੁੰਡਾ ਈਲੂ-ਈਲੂ ਕਰ ਗਿਆ ਨੀ

ਉਪਰੋਕਤ ਵਿਚਾਰ ਚਰਚਾ ਉਪਰੰਤ ਇਹੀ ਕਿਹਾ ਜਾ ਸਕਦਾ ਹੈ ਕਿ ਬਦਲਾਵ ਸਮੇਂ ਦੀ ਜਰੂਰਤ ਹੈ ਪਰ ਪੱਛਮੀਕਰਨ ਦੀ ਵਗਦੀ ਹਨ੍ਹੇਰੀ ਵਿਚ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣਾ ਵੀ ਉਨ੍ਹਾਂ ਹੀ ਜ਼ਰੂਰੀ ਹੈ ਨਹੀਂ ਤਾਂ ਸਾਡੀ ਸੱਭਿਆਚਾਰਕ ਹੋਂਦ ਖ਼ਤਮ ਹੋ ਜਾਵੇਗੀ। ਹੋਰ ਨਹੀਂ ਤਾਂ ਗ੍ਰਹਿਣੀ ਤਾ ਜ਼ਰੂਰ ਜਾਗੇਗੀ। ਭਾਵੇਂ ਇਹ ਸ਼ੁਭ ਸ਼ਗਨ ਹੈ ਕਿ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਭਿਆਚਾਰਕ ਮੰਚ ਜਾ ਸਦਨ ਬਣੇ ਹੋਏ ਹਨ ਜੋ ਸਡੀ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਸਭਿਆਚਾਰਕ ਜੜ੍ਹਾਂ ਨਾਲ ਜੋੜਨ ਦਾ ਸ਼ਲਾਘਾਯੋਗ ਯਤਨ ਕਰ ਰਹੇ ਹਨ ਪਰ ਇਹ ਜ਼ਰੂਰੀ ਹੈ ਕਿ ਸਾਡੇ ਲੋਕ ਨਾਚਾਂ ਦੀ ਆਤਮਾ ਗੰਧਲੀ ਨਾ ਹੋਵੇ। ਲੋਕ ਨਾਚਾਂ ਵਿਚ ਸਮੇਂ ਸਥਿਤੀਆਂ ਵਿਗਿਆਨਕ ਕਾਢਾਂ ਦੇ ਕਾਰਨ ਸਭਿਆਚਾਰਕ ਪਰਿਵਰਤਨ ਆਉਂਦੇ ਹਨ ਇਸ ਤੋਂ ਕਦਾਚਿਤ ਮੁਨਕਰ ਨਹੀਂ ਹੋਇਆ ਜਾ ਸਕਦਾ ਪਰ ਇਸ ਤੱਥ ਤੋਂ ਵੀ ਕਿਨਾਰਾ ਨਹੀਂ ਕੀਤਾ ਜਾ ਸਕਦਾ ਕਿ ਆਧੁਨਿਕ ਸੋਚ ਅਤੇ ਆਮ ਦ੍ਰਿਸ਼ਟੀ ਆਪਣੇ ਸਮੁੱਚੇ ਅਕਾਰ-ਪ੍ਰਕਾਰ ਦੇ ਵਿਰੋਧ ਵਿੱਚ ਨਹੀਂ ਹੁੰਦੀ, ਉਸਦੇ ਪੱਖ ਵਿਚ ਡਾ. ਜੀਤ ਸਿੰਘ ਜੋਸ਼ੀ ਲਿਖਦੇ ਹਨ :-

"ਆਧੁਨਿਕੀਰਨ ਦੀ ਰੁਚੀ ਪਰੰਪਰਾ ਨੂੰ ਮੁੱਢੋਂ-ਸੁੱਢੋਂ ਤਿਆਗਣ ਉਤੇ ਬਲ ਨਹੀਂ ਦਿੰਦੀ, ਸਗੋਂ ਉਸਦਾ ਪੁਨਰ-ਮੁਲੰਕਣ ਅਤੇ ਉਸ ਪ੍ਰਤੀ ਵਿਗਿਆਨਕ ਦ੍ਰਿਸ਼ਟੀ ਅਪਨਾਉਣ ਉਤੇ ਬਲ ਦਿੰਦੀ ਹੈ। ਪਰੰਪਰਾ ਨੂੰ ਨਕਾਰ ਕੇ ਕੋਈ ਵੀ ਵਿਅਕਤੀ ਜਾਂ ਸਮਾਜ ਪ੍ਰਗਤੀ ਨਹੀਂ ਕਰ ਸਕਦਾ। ਕੋਰੇ ਪ੍ਰਦਰਸ਼ਨ ਦਸਤਕਾਰ ਜਾਂ ਨਵੇਂ-ਨਵੇਂ ਪ੍ਰਯੋਗਾਂ ਵਾਲੀ ਨਵੀਨਤਾ ਆਧੁਨਿਕਤਾ ਨਹੀਂ ਹੁੰਦੀ। ਇਹ ਸ਼ਬਦ ਤਾ ਕਾਲਗਤ ਸੀਮਾ ਦਾ ਬੰਦੀ ਹੈ। ਜਦੋਂ ਕਿ

ਆਧੁਨਿਕੀਰਨ ਲਈ ਅਜਿਹੀ ਕੋਈ ਸੀਮਾਂ ਨਹੀਂ ਹੈ। ਆਧੁਨਿਕੀਕਰਨ ਵਿਚ ਨਵੀਨਤਾ ਅਤੇ ਪਰੰਪਰਾ ਵਿਚਕਾਰ ਖੱਪਾ ਨਹੀਂ ਹੈ।"[7]

**ਹਵਾਲੇ ਤੇ ਟਿੱਪਣੀਆਂ**


1) ਡਾ. ਜਗੀਰ ਸਿੰਘ ਨੂਰ, ਪੰਜਾਬਣਾਂ ਦੇ ਲੋਕ-ਨਾਚ ਸਭਿਆਚਾਰਕ ਇਤਿਹਾਸ, ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਦਨ, ਫਗਵਾੜਾ, ਪੰਨਾ 8
2) ਉਹੀ, ਪੰਨਾ 62 (ਉਧਰਿਤ Folk Dance of the North)
3) ਉਹੀ, ਪੰਨਾ 63 (ਉਧਰਿਤ, ਲੋਕ-ਨਾਚ, ਪੰਜਾਬ, ਸੰਪਾ ਮ. ਸ. ਰੰਧਾਵਾ, ਪੰਨਾ 118)
4) ਉਹੀ, ਪੰਨਾ 64 (ਉਧਰਿਤ, ਰਾਸ ਔਰ ਰਾਮਾਨਾਵਯੀ ਕਾਵਿਯਾ, ਪੰਨਾ 9)
5) ਉਹੀ, ਪੰਨਾ 136
6) ਉਹੀ, ਪੰਨਾ 140
7) ਡਾ. ਜੀਤ ਸਿੰਘ ਜੋਸ਼ੀ, ਪੰਜਾਬੀ ਸੱਭਿਆਚਾਰ ਬਾਰੇ, ਵਾਰਿਸ਼ ਸ਼ਾਹ ਫਾਊਂਡੇਸ਼ਨ, ਅ੍ਰਮਿੰਤਸਰ 1999, ਪੰਨਾ ਨੰ. 186